
The Bell Foundation

SATEAL
The National Body for EAL in Scotland

# ਸਕਾਟਿਸ਼ ਸਿੱਖਿਆ ਪਰ੍ਣਾਲੀ ਬਾਰੇ: ਪਰ੍ਾਇਮਰੀ ਸਕੂਲ

## ਉਹਨਾਂ ਬੱਚਿਆਂ ਦੇ ਮਾਪਿਆਂ ਅਤੇ ਨੌਜਵਾਨ ਲੋਕਾਂ ਲਈ ਮਾਰਗ ਦਰਸ਼ਨ ਜੋ ਅੰਗਰੇਜ਼ੀ ਨੂੰ ਇੱਕ ਵਧੀਕ ਭਾਸ਼ਾ (EAL) ਵਜੋਂ ਵਰਤਦੇ ਹਨ




### ਇਹ ਮਾਰਗ-ਦਰਸ਼ਨ ਕੀ ਕਵਰ ਕਰਦਾ ਹੈ?

ਤੁਹਾਡੇ ਬੱਚੇ ਲਈ ਕਿਸੇ ਸਕੂਲ ਵਿੱਚ ਜਗਹ੍ਾ ਲੱਭਣ ਵਿੱਚ ਤੁਹਾਡੀ ਮਦਦ ਕਰਨ ਅਤੇ ਸਕਾਟਿਸ਼ ਸਿੱਖਿਆ ਪਰ੍ਣਾਲੀ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਤੁਸੀਂ ਏਥੇ ਵਿਹਾਰਕ ਜਾਣਕਾਰੀ ਲੱਭ ਸਕਦੇ ਹੋ।

ਸਕਾਟਲੈਂਡ ਵਿੱਚ ਸਕੂਲਾਂ ਦੀਆਂ ਵਿਭਿੰਨ ਕਿਸਮਾਂ ਹਨ:

- ਸਥਾਨਕ ਸਕੂਲ।
- ਵਿਸ਼ੇਸ਼ ਸਕੂਲ।
- ਸੰਪਰਦ੍ਾਇਕ ਸਕੂਲ।
- ਗੇਲਿਕ ਸਿੱਖਿਆ।
- ਸੁਤੰਤਰ ਸਕੂਲ (ਫੀਸ ਭੁਗਤਾਨ ਵਾਲੇ)।

ਇਹ ਮਾਰਗ ਦਰਸ਼ਨ ਤੁਹਾਨੂੰ ਉਹਨਾਂ ਸਕਾਟਿਸ਼ ਸਕੂਲਾਂ ਬਾਰੇ ਦੱਸਦਾ ਹੈ ਜਿੰਨਹ੍ਾਂ ਲਈ ਤੁਹਾਨੂੰ ਭੁਗਤਾਨ ਕਰਨ ਦੀ ਲੋੜ ਨਹੀ ਹੈ।

ਤੁਸੀ ਆਪਣੇ ਬੱਚੇ ਨੂੰ ਘਰ ਵਿਖੇ ਪੜਹ੍ਾਉਣ ਦੀ ਚੋਣ ਵੀ ਕਰ ਸਕਦੇ ਹੋ, ਪੂਰੇ ਸਮੇਂ ਜਾਂ ਅੰਸ਼ਕ-ਸਮੇਂ ਲਈ। ਇਸ ਨੂੰ *ਹੋਮ ਸਕੂਲਿੰਗ* ਕਿਹਾ ਜਾਂਦਾ ਹੈ। ਵਧੇਰੇ ਜਾਣਕਾਰੀ ਏਥੇ ਪਰ੍ਾਪਤ ਕਰੋ: https://www.mygov.scot/learning-home-education-flexi-schooling/home-education-flexi-schooling

| ਸਿੱਖਣ ਦਾ ਸਥਾਨ | ਜਾਣਕਾਰੀ |
|---|---|
| **ਨਰਸਰੀ** | ਲਾਜ਼ਮੀ ਨਹੀਂ ਹੈ (ਤੁਹਾਡੇ ਬੱਚੇ ਨੂੰ ਹਾਜ਼ਰ ਹੋਣ ਦੀ ਲੋੜ ਨਹੀਂ ਹੈ)।<br>**ਬੱਚੇ ਦੀ ਉਮਰ:** 0 ਤੋਂ।<br>ਕੁਝ ਕੁ 2-ਸਾਲਾਂ ਦੇ ਬੱਚਿਆਂ ਅਤੇ ਸਾਰੇ 3-4-ਸਾਲਾਂ ਦੇ ਬੱਚਿਆਂ ਲਈ ਫ਼ੰਡ ਸਹਾਇਤਾ ਪ੍ਰਾਪਤ ਘੰਟੇ ਹੁੰਦੇ ਹਨ। |
| **ਪ੍ਰਾਇਮਰੀ ਸਕੂਲ**<br>ਪ੍ਰਾਇਮਰੀ 1<br>ਪ੍ਰਾਇਮਰੀ 2<br>ਪ੍ਰਾਇਮਰੀ 3<br>ਪ੍ਰਾਇਮਰੀ 4<br>ਪ੍ਰਾਇਮਰੀ 5<br>ਪ੍ਰਾਇਮਰੀ 6<br>ਪ੍ਰਾਇਮਰੀ 7 | ਲਾਜ਼ਮੀ (ਤੁਹਾਡੇ ਬੱਚੇ ਨੂੰ ਹਾਜ਼ਰ ਹੋਣਾ ਪੈਣਾ ਹੈ)।<br>**ਬੱਚੇ ਦੀ ਉਮਰ:** 4½-12 ਸਾਲ।<br>ਸਕੂਲ ਆਮ ਤੌਰ 'ਤੇ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਹੁੰਦਾ ਹੈ, ਸਮੇਂ ਭਿੰਨ-ਭਿੰਨ ਹੋ ਸਕਦੇ ਹਨ। |
| **ਸੈਕੰਡਰੀ ਸਕੂਲ**<br>S1 S5<br>S2 S6<br>S3<br>S4 | S1 – S4 ਲਾਜ਼ਮੀ ਹੈ। S5 ਅਤੇ S6 – ਬੱਚੇ ਹਾਜ਼ਰ ਹੋਣ ਦੀ ਚੋਣ ਕਰ ਸਕਦੇ ਹਨ।<br>**ਬੱਚੇ ਦੀ ਉਮਰ:** 12-16 ਸਾਲ। |




## 1. ਮੈਂ ਆਪਣੇ ਬੱਚੇ ਲਈ ਸਕੂਲ ਦੀ ਜਗਹ੍ਹਾ ਕਿਵੇਂ ਲੱਭ ਸਕਦਾ ਹਾਂ?

ਕੌਂਸਲ (ਜਿੰਨਹ੍ਹਾਂ ਨੂੰ ਸਥਾਨਕ ਅਥਾਰਟੀ ਵੀ ਕਿਹਾ ਜਾਂਦਾ ਹੈ) ਇਹ ਨਿਰਣਾ ਕਰਨ ਲਈ "ਕੈਚਮੈਂਟ ਖੇਤਰਾਂ" ਦੀ ਵਰਤੋਂ ਕਰਦੀਆਂ ਹਨ ਕਿ ਤੁਹਾਡੇ ਬੱਚੇ ਨੂੰ ਕਿਹੜੇ ਸਕੂਲ ਵਿਖੇ ਜਗਹ੍ਹਾ ਦਿੱਤੀ ਜਾਂਦੀ ਹੈ। ਹੋ ਸਕਦਾ ਹੈ ਤੁਹਾਡਾ ਸਭ ਤੋਂ ਨੇੜਲਾ ਸਕੂਲ ਤੁਹਾਡੇ ਕੈਚਮੈਂਟ ਖੇਤਰ ਵਿੱਚ ਨਾ ਹੋਵੇ। ਇਹ ਪਤਾ ਕਰਨ ਲਈ ਕਿ ਤੁਹਾਡੇ ਕੈਚਮੈਂਟ ਖੇਤਰ ਵਿੱਚ ਕਿਹੜੇ ਸਕੂਲ ਹਨ, ਆਪਣੀ ਕੌਂਸਲ ਦੀ ਵੈੱਬਸਾਈਟ ਦੇਖੋ ਅਤੇ ਆਪਣੇ ਪੋਸਟਕੋਡ ਦੀ ਵਰਤੋਂ ਕਰੋ। ਵਧੇਰੇ ਜਾਣਕਾਰੀ ਏਥੇ ਪ੍ਰਾਪਤ ਕਰੋ: https://www.mygov.scot/register-your-child-for-a-school

ਜੇ ਤੁਸੀਂ ਫਾਰਮਾਂ ਤੱਕ ਔਨਲਾਈਨ ਪਹੁੰਚ ਨਹੀਂ ਕਰ ਸਕਦੇ ਜਾਂ ਜੇ ਤੁਸੀਂ ਸਕੂਲੀ ਵਰਹ੍ਹੇ ਦੇ ਵਿਚਕਾਰ ਸਕੂਲ ਵਿੱਚ ਸ਼ਾਮਲ ਹੋ ਰਹੇ ਹੋ ਤਾਂ ਤੁਸੀਂ ਆਪਣੇ ਕੈਚਮੈਂਟ ਸਕੂਲ ਨਾਲ ਗੱਲ ਕਰ ਸਕਦੇ ਹੋ।

ਤੁਸੀਂ ਆਪਣੇ ਕੈਚਮੈਂਟ ਖੇਤਰ ਤੋਂ ਬਾਹਰਲੇ ਹੋਰ ਸਕੂਲਾਂ ਵਿੱਚ ਅਰਜ਼ੀ ਦੇ ਸਕਦੇ ਹੋ।

- ਜੇ ਜਗਹ੍ਹਾ ਹੈ, ਤਾਂ ਤੁਹਾਡੀ ਬੇਨਤੀ ਲਾਜ਼ਮੀ ਤੌਰ 'ਤੇ ਮਨਜ਼ੂਰ ਕੀਤੀ ਜਾਣੀ ਚਾਹੀਦੀ ਹੈ।
- ਜੇ ਕੋਈ ਜਗਹ੍ਹਾ ਨਹੀਂ ਹੈ, ਤਾਂ ਤੁਸੀਂ ਮੁਫ਼ਤ ਸਥਾਨਾਂ ਵਾਲਾ ਕੋਈ ਸਕੂਲ ਲੱਭ ਸਕਦੇ ਹੋ, ਆਪਣੇ ਬੱਚੇ ਨੂੰ ਆਪਣੇ ਕੈਚਮੈਂਟ ਖੇਤਰ ਵਿਚਲੇ ਸਕੂਲ ਵਿੱਚ ਭੇਜ ਸਕਦੇ ਹੋ ਜਾਂ ਫੀਸ-ਭੁਗਤਾਨ ਕਰਨ ਵਾਲੇ ਕਿਸੇ ਨਿੱਜੀ ਸਕੂਲ ਦੀ ਚੋਣ ਕਰ ਸਕਦੇ ਹੋ।
- ਜੇ ਤੁਹਾਡੀ ਬੇਨਤੀ ਨੂੰ ਮਨਜ਼ੂਰ ਨਹੀਂ ਕੀਤਾ ਜਾਂਦਾ ਤਾਂ ਤੁਹਾਡੇ ਕੋਲ ਅਪੀਲ ਕਰਨ ਦਾ ਅਧਿਕਾਰ ਵੀ ਹੈ।


ਕਾਪੀਰਾਈਟ © The Bell Educational Trust Limited (ਜੋ The Bell Foundation ਵਜੋਂ ਕਾਰਜ ਕਰ ਰਹੀ ਹੈ) ਜੂਨ 2023

## 2. ਮੇਰਾ ਬੱਚਾ ਕਿਸ ਉਮਰ ਵਿੱਚ ਸਕੂਲ ਜਾਣਾ ਸ਼ੁਰੂ ਕਰੇਗਾ?

ਸਕਾਟਲੈਂਡ ਵਿੱਚ ਬੱਚੇ ਉਸ ਸਮੇਂ ਸਕੂਲ ਜਾਣਾ ਸ਼ੁਰੂ ਕਰਦੇ ਹਨ ਜਦੋਂ ਉਹਨਾਂ ਦੀ ਉਮਰ 4½ ਅਤੇ 5½ ਸਾਲਾਂ ਵਿਚਕਾਰ ਹੁੰਦੀ ਹੈ।

- ਜੇ ਤੁਹਾਡੇ ਬੱਚੇ ਦਾ ਜਨਮਦਿਨ 1 ਮਾਰਚ ਅਤੇ 31 ਅਗਸਤ ਨੂੰ ਜਾਂ ਇਸਦੇ ਵਿਚਕਾਰ ਹੈ, ਤਾਂ ਤੁਹਾਡਾ ਬੱਚਾ ਆਮ ਤੌਰ 'ਤੇ ਅਗਸਤ ਵਿੱਚ ਪੱਤਝੜ ਟਰਮ ਦੇ ਸ਼ੁਰੂ ਵਿੱਚ ਉਸੇ ਸਾਲ ਸਕੂਲ ਜਾਣਾ ਸ਼ੁਰੂ ਕਰ ਦੇਵੇਗਾ ਜਿਸ ਸਾਲ ਉਹ ਪੰਜ ਸਾਲਾਂ ਦਾ ਹੋ ਜਾਂਦਾ ਹੈ।
- ਜੇ ਤੁਹਾਡੇ ਬੱਚੇ ਦਾ ਜਨਮਦਿਨ 1 ਸਤੰਬਰ ਨੂੰ ਜਾਂ ਫਰਵਰੀ ਦੇ ਆਖਰੀ ਦਿਨ ਨੂੰ ਜਾਂ ਇਸਦੇ ਵਿਚਕਾਰ ਹੈ, ਤਾਂ ਤੁਹਾਡਾ ਬੱਚਾ ਆਮ ਤੌਰ 'ਤੇ ਅਗਸਤ ਵਿੱਚ ਪੱਤਝੜ ਟਰਮ ਦੇ ਸ਼ੁਰੂ ਵਿੱਚ ਉਸ ਸਾਲ ਸਕੂਲ ਜਾਣਾ ਸ਼ੁਰੂ ਕਰ ਦੇਵੇਗਾ, ਜਿਸ ਤੋਂ ਪਹਿਲਾਂ ਉਹ ਪੰਜ ਸਾਲਾਂ ਦਾ ਹੁੰਦਾ ਹੈ।
- ਜੇ ਤੁਹਾਡਾ ਬੱਚਾ ਅਜੇ ਵੀ ਉਸ ਤਾਰੀਖ਼ ਨੂੰ ਚਾਰ ਸਾਲਾਂ ਦਾ ਹੈ ਜਿਸ ਦਿਨ ਉਹ ਪ੍ਰਾਇਮਰੀ ਸਕੂਲ ਸ਼ੁਰੂ ਕਰਨ ਵਾਲਾ ਹੈ, ਤਾਂ ਤੁਸੀਂ ਆਪਣੇ ਬੱਚੇ ਦੇ ਪ੍ਰਾਇਮਰੀ ਸਕੂਲ ਵਿੱਚ ਦਾਖਲੇ ਵਿੱਚ ਇੱਕ ਸਾਲ ਦੀ ਦੇਰੀ ਕਰਨ ਦੀ ਚੋਣ ਕਰ ਸਕਦੇ ਹੋ। ਉਹ ਬੱਚੇ ਜਿੰਨ੍ਹਾਂ ਨੇ ਪ੍ਰਾਇਮਰੀ ਸਕੂਲ ਵਿੱਚ ਦਾਖਲੇ ਨੂੰ ਮੁਲਤਵੀ ਕਰ ਦਿੱਤਾ ਹੈ, ਉਹ ਫੰਡ ਸਹਾਇਤਾ ਪ੍ਰਾਪਤ ਸ਼ੁਰੂਆਤੀ ਸਿੱਖਿਆ ਅਤੇ ਬਾਲ-ਸੰਭਾਲ ਦੇ ਵਧੀਕ ਸਾਲ ਦੇ ਹੱਕਦਾਰ ਹਨ।

## 3. ਮੈਂ ਸਕੂਲ ਦੀ ਟਰਮ ਅਤੇ ਛੁੱਟੀਆਂ ਦੀਆਂ ਤਾਰੀਖ਼ਾਂ ਦਾ ਪਤਾ ਕਿਵੇਂ ਲਗਾਵਾਂ?

ਸਕੂਲ ਟਰਮ ਅਤੇ ਛੁੱਟੀਆਂ ਦੀਆਂ ਤਾਰੀਖ਼ਾਂ ਸਾਰੇ ਸਕਾਟਲੈਂਡ ਵਿੱਚ ਭਿੰਨ-ਭਿੰਨ ਹੁੰਦੀਆਂ ਹਨ।

ਤਾਰੀਖਾਂ ਦਾ ਪਤਾ ਲਾਉਣ ਲਈ ਸਕੂਲ ਨਾਲ ਗੱਲ ਕਰੋ ਜਾਂ ਇਸ ਵੈੱਬਸਾਈਟ 'ਤੇ ਨਜ਼ਰ ਮਾਰੋ:
https://www.mygov.scot/school-term-holiday-dates

## 4. ਮੈਂ ਸਕੂਲ ਤੋਂ ਕੀ ਉਮੀਦ ਕਰ ਸਕਦਾ/ਸਕਦੀ ਹਾਂ?

ਸਕੂਲ ਬਾਰੇ ਵਧੇਰੇ ਜਾਣਕਾਰੀ ਹਾਸਲ ਕਰਨ ਲਈ *ਸਕੂਲ ਹੱਥ-ਪੁਸਤਿਕਾ* ਨੂੰ ਪੜ੍ਹੋ। ਹਰ ਸਕੂਲ ਦੀ ਇੱਕ ਹੱਥ-ਪੁਸਤਿਕਾ ਹੋਣੀ ਚਾਹੀਦੀ ਹੈ।

- ਕਿਸੇ ਇੱਕ ਸਾਲ ਦੇ ਗਰੁੱਪ ਲਈ ਕੌਮੀ ਅਧਿਕਤਮ ਜਮਾਤ ਦੇ ਆਕਾਰ ਇਹ ਹਨ:
  ਪ੍ਰਾਇਮਰੀ 1 – 25 ਤੱਕ ਵਿਦਿਆਰਥੀ।
  ਪ੍ਰਾਇਮਰੀਆਂ 2-3 – 30 ਤੱਕ ਵਿਦਿਆਰਥੀ।
  ਪ੍ਰਾਇਮਰੀਆਂ 4-7 – 33 ਤੱਕ ਵਿਦਿਆਰਥੀ।

  ਕਿਸੇ ਵੀ ਉਮਰ ਸਮੂਹ ਦੇ ਸੰਯੁਕਤ ਜਮਾਤ ਦਾ ਅਧਿਕਤਮ ਆਕਾਰ 25 ਵਿਦਿਆਰਥੀ ਹੁੰਦਾ ਹੈ।

  ਇੱਕ ਸੰਯੁਕਤ ਜਮਾਤ ਉਹ ਹੁੰਦੀ ਹੈ ਜਿੱਥੇ ਦੋ ਜਾਂ ਵਧੇਰੇ ਸਾਲਾਂ ਦੇ ਗਰੁੱਪਾਂ ਦੇ ਬੱਚਿਆਂ ਨੂੰ ਇਕੱਠਿਆਂ ਪੜ੍ਹਾਇਆ ਜਾਂਦਾ ਹੈ (ਇਹ ਸਟਾਫ ਕਾਰਨ ਹੁੰਦਾ ਹੈ ਨਾ ਕਿ ਤੁਹਾਡੇ ਬੱਚੇ ਦੀ ਯੋਗਤਾ ਕਰਕੇ)।

ਤੁਹਾਡੇ ਬੱਚੇ ਲਈ, ਇਹ ਹੋ ਸਕਦਾ ਹੈ:

- ਤੁਹਾਡੇ ਬੱਚੇ ਨੂੰ ਸਕੂਲ ਵਿੱਚ ਟਿਕਣ ਵਿੱਚ ਮਦਦ ਕਰਨ ਲਈ ਸ਼ੁਰੂਆਤੀ ਕਿਰਿਆਵਾਂ।
- ਇੱਕੋ ਅਧਿਆਪਕ ਦੁਆਰਾ ਪੜ੍ਹਾਏ ਗਏ ਪਾਠਾਂ ਦੀ ਇੱਕ ਰੈਗੂਲਰ ਸਮਾਂ-ਸਾਰਣੀ।
- ਕਿਸੇ ਮਾਹਰ ਅਧਿਆਪਕ ਦੁਆਰਾ ਸਿਖਾਏ ਗਏ ਕੁਝ ਪਾਠ।
- ਇੱਕ ਸੰਪੂਰਨ ਪਾਠਕ੍ਰਮ ਤੱਕ ਪਹੁੰਚ – ਵਧੇਰੇ ਜਾਣਕਾਰੀ ਲਈ ਹੇਠਾਂ ਦੇਖੋ।
- ਕਲਾਸਰੂਮ ਦੀ ਸਿਖਲਾਈ ਨਾਲ ਜੁੜਿਆ ਹੋਇਆ ਘਰ ਦਾ ਕੰਮ।

## ਮੇਰਾ ਬੱਚਾ ਸਕੂਲ ਵਿਖੇ ਹੋਰ ਕੀ ਕਰੇਗਾ?

ਤੁਹਾਡਾ ਬੱਚਾ ਪਾਠਕਰ੍ਮ ਤੋਂ ਬਾਹਰੀ ਕਿਰਿਆਵਾਂ, ਸਕੂਲੀ ਟਰਿੱਪਾਂ ਅਤੇ ਹੋਰ ਸਮਾਗਮਾਂ ਵਿੱਚ ਭਾਗ ਲੈਣ ਦੇ ਯੋਗ ਹੋਵੇਗਾ, ਜਿੰਨਹ੍ਾਂ ਵਿੱਚ ਸ਼ਾਮਲ ਹਨ:



- *ਅਸੈਂਬਲੀਆਂ* ਅਤੇ *ਸਮੂਹਿਕ ਪੂਜਾ* ਲਈ ਮੌਕੇ।
- *ਪਾਠਕਰ੍ਮ ਤੋਂ ਬਾਹਰੀ ਸਰਗਰਮੀਆਂ* ਅਤੇ ਕਲੱਬ, ਉਦਾਹਰਨ ਲਈ ਖੇਡ, ਸੰਗੀਤ ਅਤੇ ਡਰਾਮਾ।
- ਦਿਲਚਸਪੀ ਵਾਲੇ ਸਥਾਨਾਂ/ਥੀਏਟਰਾਂ/ਖੇਡਾਂ ਦੇ ਸਮਾਗਮਾਂ 'ਤੇ *ਸਕੂਲੀ ਟਰਿੱਪਾਂ*।
- *ਕਲਾਸ ਅਸੈਂਬਲੀਆਂ* ਅਤੇ ਬੱਚਿਆਂ ਨੂੰ ਪਰ੍ਦਰਸ਼ਨ ਕਰਦੇ ਦੇਖਣ ਲਈ *ਪਰ੍ੋਗਰਾਮ*।
- *ਸਮਾਜਿਕ ਪਰ੍ੋਗਰਾਮ* ਅਤੇ *ਫੰਡ ਇਕੱਤਰ ਕਰਨ ਦੇ ਸਮਾਗਮ* ਜਿਵੇਂ ਕਿ *ਖੇਡਾਂ ਦੇ ਦਿਨ, ਮੇਲੇ, ਡਿਸਕੋ* ਅਤੇ *ਕਵਿਜ਼*।

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਸਕੂਲ ਵਿਖੇ ਕੀ ਹੋ ਰਿਹਾ ਹੈ?

ਤੁਹਾਡਾ ਸਕੂਲ ਤੁਹਾਡੇ ਨਾਲ ਰੈਗੂਲਰ ਸੰਚਾਰ ਕਰੇਗਾ ਤਾਂ ਜੋ ਤੁਸੀਂ ਜਾਣ ਸਕੋਂ ਕਿ ਤੁਹਾਡੇ ਬੱਚੇ ਦੀ ਜਮਾਤ ਵਿੱਚ ਕੀ ਹੋ ਰਿਹਾ ਹੈ। ਸਕੂਲ ਸੰਚਾਰ ਦੀਆਂ ਵਿਭਿੰਨ ਕਿਸਮਾਂ ਦੀ ਵਰਤੋਂ ਕਰਨਗੇ, ਜਿੰਨਹ੍ਾਂ ਵਿੱਚ ਸ਼ਾਮਲ ਹਨ:



- *ਸਕੂਲ ਵੈਬਸਾਈਟ*: ਮਹੱਤਵਪੂਰਨ ਤਾਰੀਖਾਂ, ਜਾਣਕਾਰੀ ਅਤੇ ਘੋਸ਼ਣਾਵਾਂ।
- *ਨੋਟੀਫਿਕੇਸ਼ਨਾਂ*: ਟੈਕਸਟ ਸੰਦੇਸ਼, ਸੋਸ਼ਲ ਮੀਡੀਆ (ਉਦਾਹਰਨ ਲਈ ਟਵਿੱਟਰ) ਅਤੇ ਐਪਸ।
- *ਆਨਲਾਈਨ ਸਿਸਟਮ*: *ਸਕੂਲੀ ਖਾਣੇ* ਅਤੇ *ਮਾਪਿਆਂ ਲਈ ਸ਼ਾਮ* ਦੀਆਂ ਮੁਲਾਕਾਤਾਂ।
- *ਈ-ਮੇਲ* ਅਤੇ *ਚਿੱਠੀਆਂ*: ਸਕੂਲ, ਕਲਾਸਰੂਮ ਅਤੇ ਛੁੱਟੀਆਂ ਬਾਰੇ ਜਾਣਕਾਰੀ।
- *ਮਾਪਿਆਂ ਦੀਆਂ ਸ਼ਾਮਾਂ* ਅਤੇ *ਰਿਪੋਰਟ*: ਆਹਮਣੇ-ਸਾਹਮਣੇ ਦੀਆਂ ਮੀਟਿੰਗਾਂ ਅਤੇ ਰਿਪੋਰਟਾਂ।
- *ਮੀਟਿੰਗਾਂ* ਅਤੇ *ਜਾਣਕਾਰੀ ਸ਼ਾਮਾਂ*: ਸਕੂਲੀ ਜੀਵਨ ਅਤੇ ਵਿਸ਼ਿਆਂ ਬਾਰੇ।
- *ਸਿੱਧਾ ਸੰਚਾਰ*: ਫ਼ੋਨ ਜਾਂ ਈਮੇਲ ਰਾਹੀਂ ਇਕੱਲੇ-ਨਾਲ-ਇਕੱਲੇ ਦੀਆਂ ਗੱਲਾਂਬਾਤਾਂ।
- *ਮਾਪਿਆਂ ਦੀ ਕੌਂਸਲ/ਮਾਪੇ ਅਧਿਆਪਕ ਐਸੋਸੀਏਸ਼ਨ*: ਇਹ ਮਾਪਿਆਂ ਦਾ ਇੱਕ ਗਰੁੱਪ ਹੈ ਜਿਸਨੂੰ ਮਾਪਿਆਂ ਦੁਆਰਾ ਆਪਣੇ ਦਿਰ੍ਸ਼ਟੀਕੋਣਾਂ ਦੀ ਪਰ੍ਤੀਨਿਧਤਾ ਕਰਨ ਲਈ ਚੁਣਿਆ ਜਾਂਦਾ ਹੈ।

ਖੇਡ ਦੇ ਮੈਦਾਨ ਵਿੱਚ ਹੋਰਨਾਂ ਮਾਪਿਆਂ ਨਾਲ ਗੱਲ ਕਰਕੇ ਵਧੇਰੇ ਜਾਣਕਾਰੀ ਪਤਾ ਕਰੋ।

## 5. ਸਕੂਲ ਮੇਰੇ ਤੋਂ ਕੀ ਉਮੀਦ ਕਰੇਗਾ?

ਇੱਕ ਮਾਪੇ ਵਜੋਂ, ਤੁਹਾਥੋਂ ਇਹ ਉਮੀਦ ਕੀਤੀ ਜਾਵੇਗੀ:

- ਆਪਣੇ ਬੱਚੇ ਨੂੰ ਹਰ ਰੋਜ਼ ਅਤੇ ਸਮੇਂ ਸਿਰ ਸਕੂਲ ਭੇਜੋ, ਜਦ ਤੱਕ ਕਿ ਉਹ ਬਿਮਾਰ ਨਾ ਹੋਵੇ, ਕੋਈ ਮੁਲਾਕਾਤ ਹੈ ਜਾਂ ਫਿਰ ਕੋਈ ਧਾਰਮਿਕ ਛੁੱਟੀ ਹੈ।
- ਤੁਹਾਡੀ ਸਥਾਨਕ ਕੌਂਸਲ ਵੱਲੋਂ *ਮੁਫ਼ਤ ਸਕੂਲ ਟਰਾਂਸਪੋਰਟ* ਬਾਰੇ ਵੇਰਵੇ ਏਥੇ ਲੱਭੋ: https://www.mygov.scot/free-school-transport



- ਉਹਨਾਂ ਨੂੰ ਇਹ ਦੱਸਣ ਲਈ ਸਕੂਲ ਨਾਲ ਸੰਪਰਕ ਕਰੋ ਕਿ ਤੁਹਾਡਾ ਬੱਚਾ ਗੈਰਹਾਜ਼ਰ ਕਿਉਂ ਹੈ। ਜਦ ਵੀ ਤੁਸੀਂ ਕਰ ਸਕਦੇ ਹੋਵੋਂ, ਸਕੂਲ ਨੂੰ ਅਗਾਊਂ ਦੱਸੋ।
- ਸਕੂਲ ਨੂੰ ਤੁਹਾਡੇ ਬੱਚੇ ਜਾਂ ਪਰਿਵਾਰ ਲਈ ਕਿਸੇ ਵੀ ਮਹੱਤਵਪੂਰਨ ਘਟਨਾਵਾਂ ਜਾਂ ਹਾਲਾਤਾਂ ਬਾਰੇ ਦੱਸੋ। ਉਹ ਤੁਹਾਡਾ ਸਮਰਥਨ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ।



- *ਮੈਡੀਕਲ ਵੇਰਵੇ* ਅਤੇ *ਸੰਪਰਕ ਵੇਰਵੇ* ਪਰ੍ਦਾਨ ਕਰੋ।
- ਇਹ ਦੱਸਣ ਲਈ *ਸਹਿਮਤੀ ਫਾਰਮ* ਭਰੋ ਕਿ ਤੁਹਾਡਾ ਬੱਚਾ ਸਕੂਲੀ ਟਰਿੱਪਾਂ 'ਤੇ ਜਾ ਸਕਦਾ ਹੈ, ਉਸ ਦੀਆਂ ਫੋਟੋਆਂ ਆਦਿ ਲਈਆਂ ਜਾ ਸਕਦੀਆਂ ਹਨ।


ਕਾਪੀਰਾਈਟ © The Bell Educational Trust Limited (ਜੋ The Bell Foundation ਵਜੋਂ ਕਾਰਜ ਕਰ ਰਹੀ ਹੈ) ਜੂਨ 2023

## 6. ਸਕੂਲ ਵਿੱਚ ਕੌਣ ਕੀ ਹੈ?

ਸਟਾਫ ਮੈਂਬਰਾਂ ਦੇ ਫੋਟੋਗਰਾਫ ਅਤੇ ਨਾਮ ਦੇਖਣ ਲਈ *ਸਕੂਲ ਹੱਥ-ਪੁਸਤਿਕਾ* ਜਾਂ ਸਕੂਲ ਦੀ ਵੈੱਬਸਾਈਟ ਦੇਖੋ; ਕਈ ਵਾਰ ਇਹਨਾਂ ਨੂੰ ਸਕੂਲ ਦੇ ਪਰ੍ਵੇਸ਼ ਦੁਆਰ 'ਤੇ ਵੀ ਪਰ੍ਦਰਸ਼ਿਤ ਕੀਤਾ ਜਾਂਦਾ ਹੈ।

ਸਕੂਲ ਨੂੰ ਪੁੱਛੋ ਕਿ ਸਟਾਫ ਦੇ ਕਿਹੜੇ ਮੈਂਬਰ ਤੁਹਾਡੇ ਬੱਚੇ ਨਾਲ ਕੰਮ ਕਰਨਗੇ। ਇਹਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- *ਸੀਨੀਅਰ ਆਗੂ* – ਉਦਾਹਰਨ ਲਈ ਮੁੱਖ ਅਧਿਆਪਕ, ਡਿਪਟੀ ਮੁੱਖ ਅਧਿਆਪਕ, ਪਿਰ੍ੰਸੀਪਲ ਅਧਿਆਪਕ।
- *ਦਫ਼ਤਰ ਦਾ ਸਟਾਫ* – ਉਦਾਹਰਨ ਲਈ ਸਕੂਲ ਦੀ ਰਿਸੈਪਸ਼ਨਿਸਟ।
- *ਅਧਿਆਪਨ ਸਟਾਫ* – ਉਦਾਹਰਨ ਲਈ ਜਮਾਤ ਦਾ ਅਧਿਆਪਕ।
- *ਮਾਹਿਰ ਸਟਾਫ* – ਉਦਾਹਰਨ ਲਈ EAL ਅਧਿਆਪਕ (ਇੱਕ ਵਧੀਕ ਭਾਸ਼ਾ ਵਜੋਂ ਅੰਗਰੇਜ਼ੀ)।
- *ਸਹਾਇਤਾ ਸਟਾਫ* – ਉਦਾਹਰਨ ਲਈ ਵਿਦਿਆਰਥੀ ਸਹਾਇਤਾ ਸਹਾਇਕ, ਲਰਨਿੰਗ ਵਰਕਰਾਂ ਲਈ ਸਹਾਇਤਾ।



## 7. ਸਕੂਲ ਵਿੱਚ ਕੀ ਸਿਖਾਇਆ ਅਤੇ ਟੈਸਟ ਕੀਤਾ ਜਾਂਦਾ ਹੈ?

ਸ਼੍ਰੇਸ਼ਠਤਾ ਲਈ ਪਾਠਕਰ੍ਮ 3-18 ਸਾਲਾਂ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਸਕਾਟਲੈਂਡ ਦਾ ਪਾਠਕਰ੍ਮ ਹੈ।

ਇਹ ਇੱਕ ਅਜਿਹੀ ਪਹੁੰਚ ਹੈ ਜਿਸਦੀ ਨੌਜਵਾਨ ਲੋਕਾਂ ਨੂੰ ਉਹ ਗਿਆਨ, ਹੁਨਰ ਅਤੇ ਖੂਬੀਆਂ ਪਰ੍ਦਾਨ ਕਰਾਉਣ ਲਈ ਵਿਉਂਤਿਆ ਗਿਆ ਹੈ ਜਿੰਨਹ੍ਾਂ ਦੀ ਉਹਨਾਂ ਨੂੰ 21ਵੀਂ ਸਦੀ ਵਿੱਚ ਸਿੱਖਣ, ਜੀਵਨ ਅਤੇ ਕੰਮ ਲਈ ਲੋੜ ਹੁੰਦੀ ਹੈ।

ਇਸਦਾ ਉਦੇਸ਼ ਹਰ ਬੱਚੇ ਜਾਂ ਨੌਜਵਾਨ ਵਿਅਕਤੀ ਨੂੰ ਨਿਮਨਲਿਖਤ ਦੇ ਯੋਗ ਬਣਾਉਣਾ ਹੈ:

- ਸਫਲ ਸਿਖਿਆਰਥੀ।
- ਆਤਮ-ਵਿਸ਼ਵਾਸੀ ਵਿਅਕਤੀ।
- ਜ਼ਿੰਮੇਵਾਰ ਨਾਗਰਿਕ।
- ਪਰ੍ਭਾਵਸ਼ਾਲੀ ਯੋਗਦਾਨ ਪਾਉਣ ਵਾਲਾ।

### ਪੜਾਅ ਅਤੇ ਪੱਧਰ

ਪਾਠਕਰ੍ਮ ਨੂੰ ਦੋ ਵੱਡੇ ਪੜਾਵਾਂ ਵਿੱਚ ਵੰਡਿਆ ਗਿਆ ਹੈ:

- ਇੱਕ ਵਿਆਪਕ ਆਮ ਸਿੱਖਿਆ, ਸ਼ੁਰੂਆਤੀ ਸਾਲਾਂ ਤੋਂ ਲੈ ਕੇ S3 ਦੇ ਅੰਤ ਤੱਕ।
- ਇੱਕ ਸੀਨੀਅਰ ਪੜਾਅ, ਜਿਸ ਵਿੱਚ ਯੋਗਤਾਵਾਂ ਲਈ ਪੜਹ੍ਾਈ ਕਰਨਾ ਸ਼ਾਮਲ ਹੋਵੇਗਾ (S4-S6 ਤੋਂ)।

| | ਵਿਆਪਕ ਆਮ ਸਿੱਖਿਆ (BGE) | |
|---|---|---|
| ਉਮਰ 3 – P1 | ਸ਼ੁਰੂਆਤੀ ਲੈਵਲ | |
| P2 – P4 | ਪਹਿਲਾ ਲੈਵਲ | |
| P5 – P7 | ਦੂਜਾ ਲੈਵਲ | |
| S1 – S3 | ਤੀਜਾ/ਚੌਥਾ ਲੈਵਲ | |
| S4 – S6 | | ਸੀਨੀਅਰ ਪੜਾਅ |

ਵਿਆਪਕ ਆਮ ਸਿੱਖਿਆ ਨੂੰ ਅੱਠ ਪਾਠਕ੍ਰਮ ਖੇਤਰਾਂ ਵਿੱਚ ਪੰਜ ਪਾਠਕ੍ਰਮ ਪੱਧਰਾਂ (ਸ਼ੁਰੂਆਤੀ, ਪਹਿਲੇ, ਦੂਜੇ, ਤੀਜੇ ਅਤੇ ਚੌਥੇ) ਵਿੱਚ ਵੰਡਿਆ ਗਿਆ ਹੈ।

| | | | |
|---|---|---|---|
| ਭਾਵਪੂਰਨ ਕਲਾਵਾਂ | ਸਿਹਤ ਅਤੇ ਤੰਦਰੁਸਤੀ | ਭਾਸ਼ਾਵਾਂ | ਸਾਖਰਤਾ ਅਤੇ ਅੰਗਰੇਜ਼ੀ |
| ਅੰਕ-ਗਣਿਤ ਅਤੇ ਗਣਿਤ | ਧਾਰਮਿਕ ਅਤੇ ਨੈਤਿਕ ਸਿੱਖਿਆ | ਵਿਗਿਆਨ | ਸਮਾਜਿਕ ਅਧਿਐਨ |

ਹਰੇਕ ਪਾਠਕ੍ਰਮ ਖੇਤਰ ਨੂੰ ਅਨੁਭਵਾਂ ਅਤੇ ਸਿੱਟਿਆਂ ਦੇ ਇੱਕ ਸੈੱਟ ਵਿੱਚ ਵੰਡਿਆ ਜਾਂਦਾ ਹੈ (ਜਿੰਨ੍ਹਾਂ ਨੂੰ ਅਕਸਰ Es ਅਤੇ Os ਵਜੋਂ ਜਾਣਿਆ ਜਾਂਦਾ ਹੈ):

"ਅਨੁਭਵ" ਸਿੱਖਣ ਦਾ ਵਰਣਨ ਕਰਦੇ ਹਨ। "ਸਿੱਟੇ" ਦਰਸਾਉਂਦੇ ਹਨ ਕਿ ਸਿੱਖਣ ਨਾਲ ਕੀ ਪ੍ਰਾਪਤ ਹੋਵੇਗਾ। ਅਨੁਭਵਾਂ ਅਤੇ ਸਿੱਟਿਆਂ ਦੇ ਅੰਦਰ ਅਧਿਆਪਕ ਇਸ ਚੀਜ਼ ਦਾ ਮੁਲਾਂਕਣ ਕਰਨਗੇ ਕਿ ਬੱਚੇ ਕੀ ਜਾਣਦੇ ਹਨ, ਸਮਝਦੇ ਹਨ ਅਤੇ ਕੀ ਕਰਨ ਦੇ ਯੋਗ ਹਨ। ਮੁਲਾਂਕਣ ਕੇਵਲ ਟੈਸਟਾਂ 'ਤੇ ਆਧਾਰਿਤ ਨਹੀਂ ਹੁੰਦਾ ਹੈ। ਵਧੇਰੇ ਵਿਸਤਰਿਤ ਜਾਣਕਾਰੀ ਏਥੇ ਲੱਭੋ: https://education.gov.scot/learning-in-scotland/



### ਸਕਾਟਲੈਂਡ ਲਈ ਕੌਮੀ ਮਿਆਰੀਕਿਰਤ ਮੁਲਾਂਕਣ (NSA)

P1, P4, P7 ਅਤੇ S3 ਵਿਚਲੇ ਬੱਚਿਆਂ ਅਤੇ ਨੌਜਵਾਨ ਲੋਕ ਸਾਖਰਤਾ ਅਤੇ ਅੰਕ-ਗਣਿਤ ਵਿੱਚ ਔਨਲਾਈਨ ਮਿਆਰੀਕਿਰਤ ਮੁਲਾਂਕਣ ਪੂਰਾ ਕਰਦੇ ਹਨ। ਮੁਲਾਂਕਣ ਬੱਚਿਆਂ ਦੀ ਪ੍ਰਗਤੀ ਦੀ ਪਛਾਣ ਕਰਨ ਵਿੱਚ ਮਦਦ ਕਰਦੇ ਹਨ ਅਤੇ ਅਧਿਆਪਕਾਂ ਦੇ ਪੇਸ਼ੇਵਰਾਨਾ ਨਿਰਣੇ ਦਾ ਸਮਰਥਨ ਕਰਨ ਲਈ ਜਾਣਕਾਰੀ ਪ੍ਰਦਾਨ ਕਰਾਉਂਦੇ ਹਨ।



ਬੱਚਿਆਂ ਅਤੇ ਜਵਾਨ ਲੋਕਾਂ ਨੂੰ ਇਹਨਾਂ ਮੁਲਾਂਕਣਾਂ ਲਈ ਵਿੱਚ ਮੁੜ-ਪੜ੍ਹਨ ਜਾਂ ਤਿਆਰੀ ਕਰਨ ਦੀ ਲੋੜ ਨਹੀਂ ਹੈ ਅਤੇ ਇਹਨਾਂ ਵਿੱਚ ਕੋਈ ਪਾਸ ਜਾਂ ਫੇਲ੍ਹ ਨਹੀਂ ਹੁੰਦਾ ਹੈ।

## 8. ਮੇਰੇ ਬੱਚੇ ਨੂੰ ਕਿਸ ਚੀਜ਼ ਦੀ ਲੋੜ ਪਵੇਗੀ?


ਆਪਣੇ ਬੱਚੇ ਦੇ ਸਕੂਲ ਤੋਂ ਪੁੱਛੋ ਕਿ ਕੀ ਸਕੂਲ ਵਾਸਤੇ ਕੋਈ ਵਰਦੀ ਲੱਗੀ ਹੈ ਅਤੇ ਇਹ ਕਿੱਥੋਂ ਖਰੀਦਣੀ ਹੈ।

- ਸਕਾਟਲੈਂਡ ਵਿੱਚ ਜ਼ਿਆਦਾਤਰ ਸਕੂਲ ਬੱਚਿਆਂ ਤੋਂ ਸਕੂਲ ਦੀ ਵਰਦੀ ਪਹਿਨਣ ਦੀ ਉਮੀਦ ਕਰਦੇ ਹਨ।
- ਤੁਹਾਡੇ ਬੱਚੇ ਦਾ ਸਕੂਲ ਇਸ ਚੀਜ਼ ਦੀ ਇੱਕ ਸੂਚੀ ਪ੍ਰਦਾਨ ਕਰੇਗਾ ਕਿ ਕੀ ਖਰੀਦਣਾ ਹੈ ਅਤੇ ਤੁਹਾਨੂੰ ਦੱਸੇਗਾ ਕਿ ਤੁਸੀ ਇਸ ਨੂੰ ਕਿੱਥੇ ਖਰੀਦ ਸਕਦੇ ਹੋ; PE (ਸਰੀਰਕ ਸਿੱਖਿਆ) ਕਿੱਟ ਅਤੇ ਤੈਰਾਕੀ ਕਿੱਟ ਬਾਰੇ ਵੀ ਪੁੱਛੋ।
- ਤੁਸੀ "ਸਕੂਲ ਕੱਪੜਿਆਂ ਲਈ ਗਰਾਂਟ" ਦੇ ਹੱਕਦਾਰ ਹੋ ਸਕਦੇ ਹੋ। ਤੁਸੀ ਹੋਰ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ: https://www.mygov.scot/clothing-grants



ਆਪਣੇ ਬੱਚੇ ਲਈ ਲੰਚ ਸਮੇਂ ਦੇ ਖਾਣੇ ਦੇ ਵਿਕਲਪਾਂ ਬਾਰੇ ਆਪਣੇ ਸਕੂਲ ਨੂੰ ਪੁੱਛੋ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- *ਸਕੂਲ ਦਾ ਖਾਣਾ*-ਜਿਸਨੂੰ ਕਈ ਵਾਰ *ਸਕੂਲ ਲੰਚ* ਜਾਂ *ਡਿਨਰ* ਵੀ ਕਿਹਾ ਜਾਂਦਾ ਹੈ।
- ਇੱਕ *ਪੈਕ ਕੀਤਾ ਲੰਚ*– ਘਰੋਂ ਲਿਆਂਦਾ ਗਿਆ।
- ਇੱਕ *ਘਰੇਲੂ ਡਿਨਰ*– ਦੁਪਹਿਰ ਦੇ ਖਾਣੇ ਲਈ ਘਰ ਜਾਣਾ।




ਕਾਪੀਰਾਈਟ © The Bell Educational Trust Limited (ਜੋ The Bell Foundation ਵਜੋਂ ਕਾਰਜ ਕਰ ਰਹੀ ਹੈ) ਜੂਨ 2023

*ਸਕੂਲੀ ਖਾਣੇ ਮੀਨੂ*, ਲਾਗਤ ਅਤੇ ਭੁਗਤਾਨ ਕਿਵੇਂ ਕਰਨਾ ਹੈ, ਬਾਰੇ ਪੁੱਛੋ ਕਿਉਂਕਿ:

- ਪ੍ਰਾਇਮਰੀਆਂ 1 – 5 ਮੁਫ਼ਤ ਸਕੂਲੀ ਖਾਣੇ ਪ੍ਰਾਪਤ ਕਰ ਸਕਦੀਆਂ ਹਨ, ਤੁਹਾਡੇ ਪਰਿਵਾਰ ਦੇ ਵਿੱਤੀ ਹਾਲਾਤਾਂ ਨਾਲ ਕੋਈ ਫਰਕ ਨਹੀਂ ਪੈਂਦਾ।
- ਸਕੂਲ ਖੁਰਾਕ ਦੀਆਂ ਵਿਸ਼ੇਸ਼ ਲੋੜਾਂ ਦੇ ਹਿਸਾਬ ਨਾਲ ਮਦਦ ਕਰ ਸਕਦਾ ਹੈ, ਉਦਾਹਰਨ ਲਈ ਹਲਾਲ ਭੋਜਨ।
- ਕੁਝ ਕੁ ਸਕੂਲ ਮੁਫ਼ਤ ਦੁੱਧ ਅਤੇ/ਜਾਂ ਫਲ ਪ੍ਰਦਾਨ ਕਰਾਉਂਦੇ ਹਨ।

ਜੇ ਤੁਸੀਂ ਹੋਰ ਲਾਭਾਂ 'ਤੇ ਹੋ ਤਾਂ ਮੁਫ਼ਤ ਸਕੂਲੀ ਖਾਣਿਆਂ ਲਈ ਅਰਜ਼ੀ ਦਿਓ ਕਿਉਂਕਿ ਇਸ ਨਾਲ ਸਕੂਲੀ ਕੱਪੜਿਆਂ ਦੀਆਂ ਗਰਾਂਟਾਂ ਵਿੱਚ ਮਦਦ ਮਿਲ ਸਕਦੀ ਹੈ। ਤੁਹਾਡੀ ਸਥਾਨਕ ਕੌਂਸਲ ਦੀ ਵੈੱਬਸਾਈਟ 'ਤੇ ਅਰਜ਼ੀ ਦਿਓ। ਵਧੇਰੇ ਜਾਣਕਾਰੀ ਤੁਸੀਂ ਏਥੇ ਪ੍ਰਾਪਤ ਕਰ ਸਕਦੇ ਹੋ:
https://www.mygov.scot/school-meals




ਬਹੁਤ ਸਾਰੇ ਸਕਾਟਿਸ਼ ਸਕੂਲੀ ਵਿਦਿਆਰਥੀ ਬਰੇਕ ਦੇ ਦੌਰਾਨ ਖਾਣ ਲਈ (ਬਰੇਕ ਨੂੰ ਕਈ ਵਾਰ ਅੰਤਰਾਲ, ਜਾਂ "ਖੇਡਣ ਦਾ ਸਮਾਂ") ਆਪਣੇ ਨਾਲ ਇੱਕ ਛੋਟਾ ਸਨੈਕ ਲੈਂਦੇ ਹਨ। ਉਹਨਾਂ ਦਾ ਸਨੈਕ ਫਲ ਦਾ ਇੱਕ ਟੁਕੜਾ ਹੋ ਸਕਦਾ ਹੈ, ਇੱਕ ਸੈਂਡਵਿਚ ਜਾਂ ਬਿਸਕੁਟ। ਉਹਨਾਂ ਨੂੰ ਉਹ ਭੋਜਨ ਨਾ ਦਿਓ ਜਿਸ ਵਿੱਚ ਮੂੰਗਫਲੀਆਂ ਹੋਣ, ਕਿਉਂਕਿ ਜ਼ਿਆਦਾਤਰ ਸਕੂਲ ਮੂੰਗਫਲੀ-ਮੁਕਤ ਜ਼ੋਨ ਹੁੰਦੇ ਹਨ।

## 9. ਜਿੰਨਹ੍ਹਾਂ ਵਿਦਿਆਰਥੀਆਂ ਨੂੰ ਇਸਦੀ ਲੋੜ ਹੈ, ਉਹਨਾਂ ਵਾਸਤੇ ਕਿਹੜੀ ਵਾਧੂ ਸਹਾਇਤਾ ਉਪਲਬਧ ਹੈ?

ਸਾਰੇ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ ਉਹ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ ਜਿਸਦੀ ਉਹਨਾਂ ਨੂੰ ਆਪਣੀ ਸੰਪੂਰਨ ਸਿੱਖਣ ਦੀ ਸੰਭਾਵਨਾ ਤੱਕ ਪਹੁੰਚਣ ਲਈ ਲੋੜ ਹੁੰਦੀ ਹੈ। ਸਕਾਟਲੈਂਡ ਵਿੱਚ, ਇੱਕ ਸੰਮਿਲਿਤ ਵਿਦਿਅਕ ਪ੍ਰਣਾਲੀ ਹੈ ਜੋ ਸਿੱਖਣ ਵਿੱਚ ਰੁਕਾਵਟਾਂ ਨੂੰ ਪਾਰ ਕਰਨ ਅਤੇ *ਹਰ ਬੱਚੇ ਲਈ ਇਸਨੂੰ ਸਹੀ ਤਰੀਕੇ ਨਾਲ ਪ੍ਰਾਪਤ ਕਰਨ* (GIRFEC) 'ਤੇ ਧਿਆਨ ਕੇਂਦਰਿਤ ਕਰਦੀ ਹੈ।

ਕੁਝ ਕੁ ਬੱਚਿਆਂ ਅਤੇ ਜਵਾਨ ਲੋਕਾਂ ਨੂੰ ਵਧੀਕ ਸਹਾਇਤਾ ਦੀ ਲੋੜ ਹੁੰਦੀ ਹੈ।

ਕਿਸੇ ਬੱਚੇ ਨੂੰ ਵਿਭਿੰਨ ਕਾਰਨਾਂ ਕਰਕੇ ਵਧੀਕ ਸਹਾਇਤਾ ਦੀ ਲੋੜ ਪੈ ਸਕਦੀ ਹੈ, ਜਿੰਨਹ੍ਹਾਂ ਵਿੱਚ ਸ਼ਾਮਲ ਹਨ:

- ਸਿੱਖਣ ਦਾ ਵਾਤਾਵਰਣ।
- ਪਰਿਵਾਰਕ ਹਾਲਾਤ।
- ਸਿਹਤ ਜਾਂ ਅਪੰਗਤਾ ਲੋੜਾਂ।
- ਸਮਾਜਕ ਅਤੇ ਭਾਵਨਾਤਮਕ ਕਾਰਕ।



ਤੁਹਾਡੀ ਸਥਾਨਕ ਅਥਾਰਟੀ ਦੀ ਇੱਕ ਨੀਤੀ ਹੋਵੇਗੀ ਜੋ ਇਹ ਵਰਣਨ ਕਰਦੀ ਹੈ ਕਿ ਉਹ ਉਹਨਾਂ ਬੱਚਿਆਂ ਅਤੇ ਨੌਜਵਾਨ ਲੋਕਾਂ ਨੂੰ, ਜਿੰਨਹ੍ਹਾਂ ਨੂੰ ਆਪਣੀ ਸਿੱਖਿਆ ਵਿੱਚ ਵਧੀਕ ਮਦਦ ਦੀ ਲੋੜ ਹੁੰਦੀ ਹੈ, ਨੂੰ ਸਹਾਇਤਾ ਦੇਣ ਲਈ ਕਿਵੇਂ ਪਛਾਣ ਕਰਦੇ ਹਨ, ਯੋਜਨਾ ਬਣਾਉਂਦੇ ਹਨ ਅਤੇ ਕਿਵੇਂ ਪ੍ਰਦਾਨ ਕਰਦੇ ਹਨ।

## 10. ਮੈਂ ਆਪਣੇ ਬੱਚੇ ਨੂੰ ਸਿੱਖਣ ਵਿੱਚ ਕਿਵੇਂ ਮਦਦ ਕਰ ਸਕਦਾ ਹਾਂ?

ਇੱਥੇ ਪਤਾ ਕਰੋ ਕਿ ਤੁਹਾਡੇ ਬੱਚੇ ਦੀ ਸਿੱਖਣ ਵਿੱਚ ਮਦਦ ਕਿਵੇਂ ਕਰਨੀ ਹੈਜਾਂ ਇੱਥੇ ਜਾਓ
www.bell-foundation.org.uk/eal-programme/guidance/parental-involvement/